# ਭਗਤ ਸਿੰਘ, ਰਾਜਗੁਰੁ ਅਤੇ ਸੁਖਦੇਵ ਦਾ 80ਵਾਂ ਸ਼ਹੀਦੀ ਦਿਹਾੜਾ

ਸ਼ਹੀਦ ਭਗਤ ਸਿੰਘ ਹੋਰਾਂ ਦੇ ਜੱਦੀ ਪਿੰਡ ਖ਼ਟਕੜ ਕਲਾਂ ਵਿਚ 23 ਮਾਰਚ ਨੂੰ ਹਜ਼ਾਰਾਂ ਹੀ ਲੋਕਾਂ ਨੇ ਸ਼ਹੀਦਾ ਦੀ ਯਾਦ ਵਿਚ ਕੀਤੀਆਂ ਗਈਆਂ ਰੈਲੀਆਂ ਵਿਚ ਹਿੱਸਾ ਲਿਆ।

ਅਕਾਲੀ ਪਾਰਟੀ ਨੇ ਆਪਣੀ ਰੈਲੀ ਵਿਚ ਕਾਂਗਰਸ ਅਤੇ ਉਸਦੀ ਕੇਂਦਰੀ ਸਰਕਾਰ ਤੇ ਚਿੱਕੜ ਸੁੱਟਿਆਂ ਅਤੇ ਆਪਣੀਆਂ ਪ੍ਰਾਪਤੀਆਂ ਦੇ ਸੋਹਲੇ ਗਾਏ। ਕਾਂਗਰਸ ਪਾਰਟੀ ਦੀ ਰੈਲੀ ਵਿਚ ਕਾਂਗਰਸ ਦੇ ਆਗੂਆਂ ਨੇ ਅਕਾਲੀ ਦਲ ਅਤੇ ਬੀ ਜੇ ਪੀ ਦੀ ਨਿਖੇਧੀ ਕੀਤੀ। ਸੱਜੇ ਅਤੇ ਖੱਬੇ ਕਾਮਰੇਡਾਂ ਨੇ ਆਪਣੀ ਵੱਖਰੀ ਰੈਲੀ ਵਿਚ ਦੋਹਾਂ ਦੀ ਨਿਖੇਧੀ ਕੀਤੀ ਅਤੇ ਖੱਬੇ ਮੋਰਚੇ ਦੀ ਬੰਗਾਲ ਅਤੇ ਕੇਰਲਾ ਸਰਕਾਰਾਂ ਦੀ ਸ਼ਲਾਘਾ ਦੇ ਗੀਤ ਗਾਏ। ਸ਼ਹੀਦਾਂ ਦੇ ਨਾਂ ਹੇਠ ਆਪਣਾ ਵੱਖ ਵੱਖ ਮਜਮਾ ਬੈਠੇ ਲਾਈ ਬੈਠੇ ਲੀਡਰਾਂ ਨੇ ਬਹੁਤ ਹੀ ਧੂੰਆਂਧਾਰ ਤਕਰੀਰਾਂ ਕੀਤੀਆਂ। ਮਿਸਾਲ ਦੇ ਤੌਰ ਤੇ ਕਾਂਗਰਸ ਦੇ ਅਮਰੀਂਦਰ ਸਿੰਘ ਨੇ ਕਿਹਾ ਕਿ ਮੁੱਖ ਮੰਤ੍ਰੀ ਬਣਨ ਤੋਂ ਪਹਿਲਾਂ ਬਾਦਲ ਕੋਲ ਸਿਰਫ਼ 80 ਏਕੜ ਜ਼ਮੀਨ ਸੀ ਅਤੇ ਹੁਣ ਉਸਦੇ ਕੋਲੇ ਹਜ਼ਾਰਾਂ ਹੀ ਏਕੜ ਜ਼ਮੀਨ ਹਿੰਦੁਸਤਾਨ ਦੇ ਵੱਖ ਵੱਖ ਹਿੱਸਿਆਂ ਵਿਚ, ਆਸਟਰੇਲੀਆ ਅਤੇ ਮਾਰੀਸ਼ਸ ਵਿਚ ਹੈ। ਉਸ ਕੋਲ ਦੋ ਹੋਟਲ ਵੀ ਹਨ ਜਿਨ੍ਹਾਂ ਦੀ ਕੀਮਤ ਢਾਈ ਹਜ਼ਾਰ ਕਰੋੜ ਰੁਪਿਆ ਹੈ ਅਤੇ ਪੰਜਾਬ ਵਿਚ ਚੱਲ ਰਹੀ ਹਰ ਦੂਜੀ ਬਸ ਬਾਦਲ ਹੀ ਦੀ ਹੈ। ਬਾਦਲਾਂ ਦੇ ਟੱਬਰ ਨੇ ਵੀ ਕੇਂਦਰ ਦੀ ਕਾਂਗਰਸ ਸਰਕਾਰ ਅਤੇ ਪੰਜਾਬ ਵਿਚ ਕਾਂਗਰਸ ਦੀ ਦੌਰਾਨ ਕੁਰੱਪਸ਼ਨ ਦਾ ਰੌਲਾ ਪਾਇਆ।

ਇਨ੍ਹਾਂ ਰੈਲੀਆਂ ਵਿਚ ਇਕੱਠੇ ਹੋਏ ਲੋਕਾਂ ਦੇ ਆਮ ਜਜ਼ਬਾਤ ਇਹੋ ਸੀ ਕਿ ਹਾਕਮ ਟੋਲੇ ਦੀਆਂ ਸਿਆਸੀ ਪਾਰਟੀਆਂ ਇਨ੍ਹਾਂ ਸ਼ਹੀਦਾਂ ਦਾ ਨਾਂ ਆਪਣੇ ਸੌੜੇ ਸਿਆਸੀ ਨਿਸ਼ਾਨਿਆਂ ਲਈ ਵਰਤ ਰਹੀਆਂ ਹਨ ਤੇ ਇਸੇ ਕਰਕੇ ਵੱਖ ਵੱਖ ਸਿਆਸੀ ਪਾਰਟੀਆਂ ਨੇ ਆਪਣੀਆਂ ਵੱਖ ਵੱਖ ਰੈਲੀਆਂ ਕੀਤੀਆਂ ਹਨ। ਰੈਲੀਆਂ ਵਿਚ ਪਹੁੰਚੇ ਹੋਏ ਲੋਕਾਂ ਨੇ ਇਸ ਦੁਸ਼ਣਬਾਜ਼ੀ ਅਤੇ ਸਿਆਸੀ ਬਿਆਨਬਾਜ਼ੀ ਦੀ ਭਰਪੂਰ ਨਿਖੇਧੀ ਕੀਤੀ ਅਤੇ ਕਿਹਾ ਕਿ ਇਹ ਇਕ ਮਿਸਾਲ ਹੈ ਕਿ ਹਾਕਮ ਟੋਲੇ ਦੀਆਂ ਸਿਆਸੀ ਪਾਰਟੀਆਂ ਆਪਣੇ ਮਤਲਬ ਅਤੇ ਮਨਸੂਬਿਆਂ ਲਈ ਕਿਸ ਤਰ੍ਹਾਂ ਲੋਕਾਂ ਵਿਚ ਦੁਫ਼ੇੜ ਪਾਉਂਦੀਆਂ ਹਨ। ਇਹ ਸ਼ਹੀਦ ਲੋਕਾਂ ਦੇ ਹਰਮਨ ਪਿਆਰੇ ਹਨ। ਉਹ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਨ ਪਰ ਇਹ ਸਿਆਸੀ ਪਾਰਟੀਆਂ ਸ਼ਹੀਦਾਂ ਨੂੰ ਸਰਧਾਂਜਲੀ ਦੇਣ ਲਈ ਵੀ ਇਕ ਪਲੈਟਫਾਰਮ ਤੇ ਨਹੀਂ ਆ ਸਕਦੀਆਂ ਕਿਉਂਕਿ ਇਨ੍ਹਾਂ ਦਾ ਮਕਸਦ ਸ਼ਰਧਾਂਜਲੀ ਦੇਣਾ ਨਹੀਂ ਬਲਕਿ ਲੋਕਾਂ ਨੂੰ ਪਾੜਕੇ ਆਪਣੀਆਂ ਸਿਆਸੀ ਰੋਟੀਆਂ ਸੇਕਣਾ ਹੈ। ਇਸ ਕਰਕੇ ਮਸਲਿਆਂ ਦੇ ਹੱਲ ਬਾਰੇ ਇਕ ਪਲੈਟਫਾਰਮ ਤੇ ਇਕੱਠੇ ਹੋ ਕੇ ਇਹ ਇਨ੍ਹਾਂ ਸ਼ਹੀਦਾਂ ਦੇ ਦੱਸੇ ਹੋਏ ਰਾਹ ਤੇ ਵਿਚਾਰ ਵਟਾਂਦਰਾ ਕਰਨ ਨੂੰ ਕਤਈ ਤਿਆਰ ਨਹੀਂ।

ਗੱਲੀਂ ਬਾਤੀਂ ਤਾ ਇਹ ਸਾਰੀਆਂ ਹੀ ਸਿਆਸੀ ਪਾਰਟੀਆਂ ਇਨ੍ਹਾਂ ਸ਼ਹੀਦਾ ਦਾ ਆਦਰ ਮਾਣ ਕਰਦੀਆਂ ਹਨ ਪਰ ਜਿਹੜੇ ਵੀ ਨੌਜਵਾਨ ਅਤੇ ਹੋਰ ਲੋਕ ਇਨ੍ਹਾਂ ਸ਼ਹੀਦਾਂ ਦੇ ਖਿਆਲਾਂ ਤੋਂ ਉਤਸ਼ਾਹ ਲੈ ਕੇ ਉਨ੍ਹਾਂ ਦੇ ਦੱਸੇ ਹੋਏ ਰਾਹ ਤੇ ਤੁਰਨ ਦੀ ਕੋਸ਼ਿਸ਼ ਕਰਦੇ ਹਨ, ਇਹ ਸਾਰੀਆਂ ਹੀ ਸਿਆਸੀ ਪਾਰਟੀਆਂ ਉਨ੍ਹਾਂ ਤੇ ਤਸ਼ੱਦਦ ਕਰਦੀਆਂ ਹਨ ਅਤੇ ਉਨ੍ਹਾਂ ਦੇ ਕਤਲ ਕਰਦੀਆਂ ਹਨ। ਪੰਜਾਬ ਵਿਚ ਫਰਜੀ ਮੁਕਾਬਲਿਆਂ ਵਿਚ ਨੌਜਵਾਨਾਂ ਦੇ ਕਤਲ ਅਕਾਲੀ ਪਾਰਟੀ ਅਤੇ ਬਾਦਲ ਸਰਕਾਰ ਨੇ ਹੀ ਸ਼ੁਰੂ ਕੀਤੇ ਸੀ। ਬੰਗਾਲ ਵਿਚ ਵੀ ਸਿੰਗੁਰ, ਨੰਦੀਗਰਾਮ ਅਤੇ ਹੋਰਨਾਂ ਥਾਵਾਂ ਤੇ ਜ਼ੁਲਮ ਅਤੇ ਤਸ਼ੱਦਦ ਸੀ ਪੀ ਆਈ(ਐਮ) ਦੀ ਸਰਕਾਰ ਹੀ ਢਾਅ ਰਹੀ ਹੈ। ਉਪਰੇਸ਼ਨ ਗਰੀਨ ਹੰਟ ਵਿਚ ਕਬਾਇਲੀ ਲੋਕਾਂ ਦੀ ਕਤਲੋਗਾਰਤ ਵਿਚ ਇਹ ਸਾਰੇ ਹੀ ਸ਼ਾਮਲ ਹਨ। ਕਸ਼ਮੀਰ ਵਿਚ ਲੋਕਾਂ ਦੇ ਹੱਕਾਂ ਦੇ ਘੋਲ ਨੂੰ ਕੁਚਲਣ ਵਿਚ ਵੀ ਇਹ ਸੱਭ ਇਕੱਠੇ ਹੀ ਹਨ।

ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਸ ਗੱਲ ਬਾਰੇ ਲੋਕਾਂ ਨੂੰ ਖ਼ਬਰਦਾਰ ਕਰਦਿਆਂ ਹੋਏ ਕਿਹਾ ਸਿ ਕਿ ਸਾਡੀ ਲੜਾਈ ਉਸ ਸਮੇਂ ਤਕ ਜਾਰੀ ਰਹੇਗੀ ਜਦੋਂ ਤਕ ਲੋਕਾਂ ਦੀ ਲੁੱਟ ਖ਼ਤਮ ਨਹੀਂ ਹੁੰਦੀ, ਲੁੱਟ ਕਰਨ ਵਾਲੇ ਭਾਂਵੇ ਅੰਗ੍ਰੇਜ਼ ਹੋਣ ਜਾਂ ਉਨ੍ਹਾਂ ਦੇ ਹਿੰਦੁਸਤਾਨੀ ਜੋਟੀਦਾਰ। ਇਹ ਸਾਰੀਆਂ ਹੀ ਸਿਆਸੀ ਪਾਰਟੀਆਂ ਲੁੱਟ ਅਤੇ ਤਸ਼ੱਦਦ ਦਾ ਸਿਲਸਿਲਾ ਜਾਰੀ ਰਖਣ ਵਾਲੀਆਂ ਹੀ ਹਨ। ਭਗਤ ਸਿੰਘ ਹੋਰਾਂ ਦੀ ਕੁਰਬਾਨੀ ਅਤੇ ਉਨ੍ਹਾਂ ਦੇ ਨਜ਼ਰੀਏ ਨਾਲ ਇਨ੍ਹਾਂ ਦਾ ਕੋਈ ਰਿਸ਼ਤਾ ਨਹੀਂ ਹੈ। ਅਸਲ ਵਿਚ ਇਹ ਵੀ ਉਨ੍ਹਾਂ ਹਾਕਮਾਂ ਟੋਲਿਆਂ ਦੇ ਹਿਤਾਂ ਦੀ ਹੀ ਰਾਖੀ ਕਰਦੀਆਂ ਹਨ ਜਿਨ੍ਹਾਂ ਨੇ ਭਗਤ ਸਿੰਘ ਹੋਰਾਂ ਨੂੰ ਫਾਂਸੀ ਲਾਈ ਸੀ।

ਇਸ ਕਰਕੇ ਇਨ੍ਹਾਂ ਰੈਲੀਆਂ ਵਿਚ ਲੋਕਾਂ ਨੇ ਇਨ੍ਹਾਂ ਪਾਰਟੀਆਂ ਖ਼ਿਲਾਫ਼ ਨਾਅਰੇ ਲਾਏ ਅਤੇ ਪੁਲੀਸ ਨੇ ਨਾਅਰੇ ਲਾਉਣ ਵਾਲਿਆਂ ਤੇ ਤਸ਼ੱਦਦ ਕੀਤਾ। ਲੋਕ ਇਨ੍ਹਾਂ ਪਾਰਟੀਆਂ ਦੇ ਕਿਰਦਾਰ ਤੇ ਪਰੇਸ਼ਾਨ ਹਨ ਅਤੇ ਇਕ ਨਵੇਂ ਸਿਆਸੀ ਤੌਰ ਤਰੀਕੇ ਅਤੇ ਪ੍ਰਣਾਲੀ ਦੀ ਭਾਲ ਵਿਚ ਹਨ ਜਿਸ ਵਿਚ ਚੋਣਾਂ ਰਾਹੀਂ ਉਨ੍ਹਾਂ ਦੀ ਤਾਕਤ ਉਨ੍ਹਾਂ ਤੋਂ ਖੋਹੀ ਨਾ ਜਾ ਸਕੇ ਅਤੇ ਸਿਆਸੀ ਪਾਰਟੀਆਂ ਦੇ ਰਾਜ ਦਾ ਸਿਲਸਿਲਾ ਖ਼ਤਮ ਹੋ ਸਕੇ ਅਤੇ ਉਹ ਆਪਣੀ ਕਿਸਮਤ ਦੇ ਫੈਸਲੇ ਆਪ ਕਰ ਸਕਣ। ਇਹ ਸਾਰੀਆਂ ਹੀ ਸਿਆਸੀ ਪਾਰਟੀਆਂ ਜਮੂਦ ਦਾ ਹਿੱਸਾ ਬਣ ਚੁਕੀਆਂ ਹਨ।